ਨਾਦ ਪ੍ਰਗਾਸੁ
ਸ੍ਰੀ ਅੰਮ੍ਰਿਤਸਰ

ਵਲੋਂ

ਡਾ. ਗੁਲਜ਼ਾਰ ਸਿੰਘ ਕੰਘ ਦੀ ਪੁਸਤਕ

# ਸ਼ਬਦ: ਅਨੁਭਵ ਅਤੇ ਦਰਸ਼ਨ

ਦਾ ਦੂਜਾ ਅਡੀਸ਼ਨ

---

**ਪੁਸਤਕ ਲੈਣ ਲਈ ਸੰਪਰਕ**:


Email: naadpargaas1469@gmail.com

Phone: 9872813433

# ਸ਼ਬਦ

## ਅਨੁਭਵ ਅਤੇ ਦਰਸ਼ਨ



ਗੁਲਜ਼ਾਰ ਸਿੰਘ ਕੰਗ

ਗੁਰਮਤਿ ਵਿਚ ਸ਼ਬਦ ਦਾ ਅਰਥ ਭਾਸ਼ਾਈ ਲਫ਼ਜ਼ ਹੀ ਨਹੀ, ਇਸ ਦੇ ਅਰਥਾਂ ਦਾ ਪ੍ਰਕਰਣ ਬਹੁਤ ਹੀ ਵਿਸਤ੍ਰਿਤ ਹੈ। ਇਹ ਚੇਤਨ ਪ੍ਰਵਾਹ ਵੀ ਹੈ, ਜੀਵਨ ਜੋਤ ਵੀ ਹੈ, ਬ੍ਰਹਿਮੰਡੀ ਸੰਗੀਤ ਵੀ ਹੈ, ਮੂਲ ਕਾਰਨ ਵੀ ਹੈ, ਅਗਿਆਨ ਨਾਸ਼ਕ ਗੁਰੂ ਵੀ ਹੈ ਅਤੇ ਸੁਰਤਿ ਵਿਚ ਗੂੰਜਦਾ ਇਲਾਹੀ ਇਲਹਾਮ ਵੀ ਹੈ।

ਸ਼ਬਦ ਦੇ ਸੰਕਲਪ ਨੂੰ ਵਿਆਖਿਆਉਣਾ ਕੋਈ ਸਹਿਲ ਕਾਰਜ ਨਹੀਂ। ਡਾ. ਗੁਲਜ਼ਾਰ ਸਿੰਘ ਕੰਗ ਜੀ ਨੇ ਨਾ ਕੇਵਲ ਇਸ ਕਾਰਜ ਦਾ ਬੀੜਾ ਹੀ ਚੁੱਕਿਆ ਹੈ, ਉਸ ਨੂੰ ਬਾਖ਼ੂਬੀ ਨਿਭਾਇਆ ਵੀ ਹੈ। ਉਨ੍ਹਾਂ ਦੀ ਇਹ ਰਚਨਾ *ਸ਼ਬਦ : ਅਨੁਭਵ ਅਤੇ ਦਰਸ਼ਨ* ਗੰਭੀਰ ਅੰਤਰ ਸੋਝੀ ਤੇ ਸੁਗਿਆਨਕ ਚੇਤਨਾ ਨਾਲ ਸ਼ਬਦ ਦੀ ਸਾਧੀ ਹੋਈ ਵਿਆਖਿਆ ਹੈ।

ਵੱਖ-ਵੱਖ ਧਰਮਾਂ ਵਿਚ ਸ਼ਬਦ ਦੇ ਸੰਕਲਪ ਨੂੰ ਵਿਚਾਰਨ ਤੋਂ ਸ਼ੁਰੂ ਕਰਕੇ ਉਸ ਦੀ ਗੁਰਮਤਿ ਧਾਰਨਾ ਨੂੰ ਸਵਿਸਥਾਰ ਪ੍ਰਸਤੁਤ ਕੀਤਾ ਗਿਆ ਹੈ। ਸ਼ਬਦ ਤੇ ਨਾਮ ਦਾ ਸੰਬੰਧ, ਸ਼ਬਦ ਤੇ ਹੁਕਮ ਦਾ ਸੰਬੰਧ, ਸ਼ਬਦ ਸਾਧਨਾ ਦੀਆਂ ਵਿਧੀਆਂ ਅਤੇ ਅਵਸਥਾਵਾਂ, ਸ਼ਬਦ ਅਨੁਭੂਤੀ, ਸ਼ਬਦ ਦੀ ਸੰਵਾਦੀ ਗੁਰਮੁਖ ਰਹਿਣੀ ਆਦਿ ਸਰੋਕਾਰ ਸਥਾਪਿਤ ਕਰਕੇ ਗੁਰਮਤਿ ਦੇ ਸ਼ਬਦ ਸੰਕਲਪ ਨੂੰ ਬਹੁ-ਪੱਖੀ ਪਹੁੰਚ ਸਹਿਤ ਲੋੜੀਂਦੇ ਪਰਿਸ਼ਰਮ ਨਾਲ ਵਖਿਆਇਆ ਹੈ।

ਉਹ ਆਖ਼ਰ ਇਸ ਨਤੀਜੇ 'ਤੇ ਪਹੁੰਚਦੇ ਹਨ ਕਿ ਸ਼ਬਦ ਸਭ ਤੋਂ ਵੱਡੀ ਰਹੱਸਾਤਮਕ ਸਮਰਥਾ ਹੈ, ਜਿਸ ਦਾ ਗੁਰਮਤਿ ਵਿਚ ਉਚੇਚਾ ਧਰਮ-ਵਿਗਿਆਨਕ ਸਥਾਨ ਹੈ। ਇਹ ਮਹਾਂਚੇਤਨਾ ਦੀ ਉਹ ਸੂਖ਼ਮ ਪਰ ਬਲਵਾਨ ਧਾਰਾ ਹੈ ਜੋ ਸਿਰਜਨਾ ਤੋਂ ਪਹਿਲਾਂ ਵੀ ਮੌਜੂਦ ਸੀ, "ਆਦਿ ਅਨੀਲੁ ਅਨਾਦਿ ਅਨਾਹਤਿ" ਦੇ ਰੂਪ ਵਿਚ ਹੁਣ ਵੀ ਵਿਦਮਾਨ ਹੈ।

ਵਿਦਵਾਨ ਲੇਖਕ ਨੇ ਸ਼ਬਦ ਦੇ ਸੰਕਲਪ ਨੂੰ ਨਾ ਕੇਵਲ ਲੋੜੀਂਦੇ ਵਿਸਤਾਰ ਨਾਲ ਹੀ ਵਿਚਾਰਿਆ ਹੈ, ਸਗੋਂ ਨਾਲ ਹੀ ਲਿਵਲੀਨ ਅਨੁਭੂਤੀ ਦਾ ਸਬੂਤ ਵੀ ਦਿੱਤਾ ਹੈ।

- ਜਸਵੰਤ ਸਿੰਘ ਨੇਕੀ

ਨਾਦ ਪ੍ਰਗਾਸੁ
ਸ੍ਰੀ ਅੰਮ੍ਰਿਤਸਰ॥
ਪੰਜਾਬ | ਮਿਸ਼ੀਗਨ

ISBN 0-6451695-2-8
9780645169522

# ਸ਼ਬਦ
## ਅਨੁਭਵ ਅਤੇ ਦਰਸ਼ਨ

**ਗੁਲਜ਼ਾਰ ਸਿੰਘ ਕੰਗ**

**ਨਾਦ ਪ੍ਰਗਾਸੁ**
ਸ੍ਰੀ ਅੰਮ੍ਰਿਤਸਰ॥

# ਵਿਸ਼ਾ ਸੂਚੀ


ਦੋ ਸ਼ਬਦ 1
ਪ੍ਰਸਤਾਵਨਾ 3

ਅਧਿਆਇ ਪਹਿਲਾ

**ਸ਼ਬਦ ਪਰੰਪਰਾ** 7
(ੳ) ਸ਼ਬਦ ਪਰਿਚਯ 9
(ਅ) ਸ਼ਬਦ ਪਰੰਪਰਾ 10
(1) ਭਾਰਤੀ ਧਰਮ ਪਰੰਪਰਾ ਅਨੁਸਾਰ ਸ਼ਬਦ 10
(2) ਯੂਨਾਨੀ ਰਹੱਸਵਾਦੀ ਚਿੰਤਨ ਅਨੁਸਾਰ ਸ਼ਬਦ 14
(3) ਸਾਮੀ ਧਰਮਾਂ ਵਿੱਚ ਸ਼ਬਦ 17
(i) ਯਹੂਦੀ ਧਰਮ ਅਨੁਸਾਰ ਸ਼ਬਦ 17
(ii) ਈਸਾਈ ਧਰਮ ਅਨੁਸਾਰ ਸ਼ਬਦ 21
(iii) ਇਸਲਾਮ ਧਰਮ ਅਨੁਸਾਰ ਸ਼ਬਦ 31
(iv) ਸੂਫ਼ੀਮਤ ਅਨੁਸਾਰ ਸ਼ਬਦ 33
(4) ਚੀਨੀ ਧਰਮਾਂ ਵਿੱਚ ਸ਼ਬਦ 35
(5) ਪਾਰਸੀ ਧਰਮ ਅਨੁਸਾਰ ਸ਼ਬਦ 37

ਅਧਿਆਇ ਦੂਜਾ

**ਗੁਰਮਤਿ ਅਨੁਸਾਰ ਸ਼ਬਦ ਦੀ ਧਾਰਨਾ** 45
(ੳ) ਸ਼ਬਦ ਦਾ ਭਾਵ ਪ੍ਰਸੰਗ 48
(ਅ) ਸ਼ਬਦ ਵਿਸ਼ਲੇਸ਼ਣ 52
(ੲ) ਸ਼ਬਦ ਦਾ ਵਾਸਾ ਕਿਥੇ ਹੈ ? 53
(ਸ) ਸ਼ਬਦ ਦੀ ਪਰਿਭਾਸ਼ਾ ਅਤੇ ਸਰੂਪ 54
(1) ਪਰਿਭਾਸ਼ਾ 54
(2) ਸਰੂਪ 56
(i) ਸ਼ਬਦ ਦਾ 'ਅਨਹਦ' ਸਰੂਪ 57
(ii) ਸ਼ਬਦ ਦਾ 'ਸ਼ਬਦ-ਗੁਰੂ' ਸਰੂਪ 59
(iii) ਸ਼ਬਦ ਦਾ 'ਬ੍ਰਹਮ' ਸਰੂਪ 61

ਅਧਿਆਇ ਤੀਜਾ

**ਸ਼ਬਦ ਮਹਿਮਾ** 67
(ੳ) ਸ਼ਬਦ ਕੀ ਹੈ ? 69
(1) ਸ਼ਬਦ ਪ੍ਰਭੂ ਆਪ ਹੈ 69
(2) ਸ਼ਬਦ ਸਰਬ ਵਿਆਪਕ ਹੈ 71
(3) ਸ਼ਬਦ ਸ੍ਰਿਸ਼ਟੀ ਦਾ ਕਰਤਾ ਹੈ 71
(4) ਸ਼ਬਦ ਸਚੁ ਹੈ 72
(5) ਸ਼ਬਦ ਅੰਮ੍ਰਿਤ ਅਤੇ ਮਹਾਂਰਸ ਹੈ 72
(6) ਸ਼ਬਦ ਆਤਮ ਪ੍ਰਕਾਸ਼ ਹੈ 73
(7) ਸ਼ਬਦ ਰਤਨ ਪਦਾਰਥ 75
(8) ਸ਼ਬਦ ਅਖੁੱਟ ਭੰਡਾਰ ਹੈ 76
(ਅ) ਸ਼ਬਦ ਅਤੇ ਗੁਰੂ 76
(1) ਗੁਰੂ ਤੋਂ ਭਾਵ 76
(i) ਕੋਸ਼ਗਤ ਅਰਥ 76
(ii) ਨਿਰੁਕਤਕ ਅਰਥ 76
(iii) ਗੁਰੂ ਪਰੰਪਰਾ 78
(iv) ਗੁਰੂ ਦਾ ਸਿੱਖ ਸੰਦਰਭ 82

(2) ਗੁਰੂ ਦਾ ਸਰੂਪ 86
(i) ਸ਼ਬਦ ਗੁਰੂ-ਹੁਕਮ ਰੂਪ 87
(ii) ਸ਼ਬਦ ਗੁਰੂ-ਜੋਤਿ ਰੂਪ (ਗੁਰੂ ਦਾ ਮਨੁੱਖੀ ਰੂਪ) 88
(iii) ਸ਼ਬਦ ਗੁਰੂ-ਬਾਣੀ ਰੂਪ 92
(3) ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ 94
(4) ਸ਼ਬਦ ਪ੍ਰਾਪਤੀ ਦਾ ਸੋਮਾ ਗੁਰੂ 95
(5) ਸ਼ਬਦ ਪੂਰੇ ਗੁਰ ਕੀ ਸਾਚੀ ਬਾਣੀ 96
(6) ਸ਼ਬਦ ਸੋਹਿਲਾ ਸਤਿਗੁਰੂ ਸੁਣਾਇਆ 96
(7) ਸ਼ਬਦ ਗੁਰੂ ਜੋਤਿ ਰੂਪ ਤੇ ਪ੍ਰਗਟ ਗੁਰਾਂ ਕੀ ਦੇਹ 96
(ੲ) ਸ਼ਬਦ ਅਤੇ ਹੁਕਮ 98
(1) ਸ਼ਬਦੀ ਅਰਥ 99
(2) ਹੁਕਮ ਦਾ ਸਿੱਖ ਸੰਦਰਭ 100
(3) ਭਾਣਾ, ਹੁਕਮ ਅਤੇ ਰਜ਼ਾ 101
(4) ਸ਼ਬਦ ਅਤੇ ਹੁਕਮ 103
(5) ਹੁਕਮ ਦਾ ਸਰੂਪ 104
(ਸ) ਸ਼ਬਦ ਅਤੇ ਨਾਮ 107
(1) ਨਾਮ ਦਾ ਭਾਵ ਪ੍ਰਸੰਗ 107
(2) ਸ਼ਬਦ ਅਤੇ ਨਾਮ ਦੀ ਸਮਰੂਪਤਾ 111
(3) ਨਾਮ ਦਾ ਸਰੂਪ 113
(i) ਨਾਮ-ਧੁਰਿ ਕਰਮ 113
(ii) ਨਾਮ-ਸਿਫ਼ਤ ਸਲਾਹ 114
(iii) ਨਾਮ ਨਿਧਾਨ 116
(4) ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ 117
(ਹ) ਅਨਹਦ ਸਬਦ, ਪੰਚ ਸਬਦ ਤੇ ਸਬਦ ਧੁਨਿ ਦੇ ਪਰਸਪਰ ਸੰਬੰਧ ਅਤੇ ਵਿਆਖਿਆ 118

**ਅਧਿਆਇ ਚੌਥਾ**

**ਸ਼ਬਦ ਸਾਧਨਾ** 131
(ੳ) ਸਾਧਨਾ ਦੀ ਪ੍ਰਕ੍ਰਿਤੀ 133
(ਅ) ਸਾਧਨਾ ਦੀ ਪਰੰਪਰਾ 134
(ੲ) ਗੁਰਮਤਿ ਦੇ ਸੰਦਰਭ ਵਿਚ ਸਾਧਨਾ 138
(ਸ) ਸਾਧਨਾ ਦੇ ਤੱਤ 139
(1) ਵਿਸ਼ਵਾਸ/ਆਸਤਿਕਤਾ 139
(2) ਭਾਉ/ਪ੍ਰੇਮ 141
(3) ਬਿਰਹਾ 144
(4) ਗਿਆਨ/ਬੈਰਾਗ 145
(ਹ) ਸਾਧਨਾ ਦੀ ਜੁਗਤਿ 146
(1) ਗਿਆਨ 146
(2) ਧਿਆਨ 150
(3) ਨਾਮ 153
(ਕ) ਹਠ ਜੋਗ ਅਤੇ ਸ਼ਬਦ-ਸੁਰਤਿ ਜੋਗ 154
(ਖ) ਕਾਇਆ ਨਗਰੀ ਦੀ ਖੋਜ ਅਤੇ ਸ਼ਬਦ 160
(ਗ) ਸ਼ਬਦ ਅਤੇ ਅੰਤਹਕਰਣ 163
(1) ਮਨ 164
(2) ਚਿਤ 165
(3) ਬੁੱਧੀ 166
(4) ਅਹੰਕਾਰ 167
(ਘ) ਸ਼ਬਦ ਸਾਧਨਾ ਦੇ ਸਾਧਨ 168
(1) ਗੁਰੂ ਕਿਰਪਾ 168
(2) ਨਾਮ ਦੀ ਪ੍ਰਾਪਤੀ 170
(3) ਨਾਮ ਅਭਿਆਸ/ਸਿਮਰਨ 170
(4) ਮਨ ਵੱਸ ਕਰਨਾ 171
(5) ਸੁਰਤਿ ਸ਼ਬਦ ਦਾ ਜੁੜਨਾ/ਧੁਨਿ 172
(6) ਸਾਧ ਸੰਗਤਿ/ਸਤਿਸੰਗ 173
(7) ਕੀਰਤਨ 173
(8) ਲਿਵ/ਸਮਾਧੀ 174
(ਙ) ਸ਼ਬਦ ਸਾਧਨਾਂ ਦੀਆਂ ਅਵਸਥਾਵਾਂ 176

(1) ਸ਼ਬਦ ਅਤੇ ਸੁਰਤਿ 176
(2) ਸ਼ਬਦ ਅਤੇ ਸਹਿਜ ਅਵਸਥਾ 179
(3) ਅਨਹਦ ਸ਼ਬਦ ਅਤੇ ਦਸਮ ਦੁਆਰ 183
(4) ਤੁਰੀਆ ਪਦ 184
(5) ਨਿਜ ਘਰ 185
(6) ਵਿਸਮਾਦੁ 185

**ਅਧਿਆਇ ਪੰਜਵਾਂ**

**ਸ਼ਬਦ ਅਨੁਭੂਤੀ** 199
(ੳ) ਪਰਾਭੌਤਿਕਤਾ 202
(1) ਅੰਤਰ ਦੀ ਸੋਝੀ 202
(2) ਸ਼ਬਦ ਦਾ ਪ੍ਰਕਾਸ਼ 204
(3) ਵਾਜੇ ਸਬਦ ਘਨੇਰੇ 205
(4) ਮੁਕਤੀ 206
(5) ਅੰਮ੍ਰਿਤ ਧਾਰ ਦਾ ਵਰਸਣਾ 207
(6) ਅਨਹਦ ਧੁਨੀ 209
(7) ਹਰਿਮੰਦਰ ਦੇ ਦਰਸ਼ਨ 209
(8) ਪਰਮ ਅਨੰਦ ਦੀ ਅਨੁਭੂਤੀ 210
(9) ਲਿਵਲੀਨਤਾ 211
(ਅ) ਭੌਤਿਕਤਾ 212
(1) ਸ਼ਬਦ ਸਵਰੀ ਗੁਰਮੁਖ ਰਹਿਣੀ 213
(2) ਗੁਰਮੁਖ ਦੇ ਗੁਣ-ਲੱਛਣ 213
(3) ਗੁਰਮੁਖ ਅਤੇ ਮਨਮੁਖ ਦਾ ਅੰਤਰ 217
(ੲ) ਮਨਮੁਖੀ ਸਰੋਕਾਰ 218
(1) ਮਨਮੁਖ ਬੋਲੇ ਅੰਧੁਲੇ 218
(2) ਲਿਵਹੀਣਤਾ ਦਾ ਜੀਵਨ 219
(3) ਸੰਸਾ ਗ੍ਰਸਤ ਜੀਵਨ 219
(4) ਤ੍ਰਿਸ਼ਨਾ (ਦੂਜੇ ਭਾਇ) ਦਾ ਜੀਵਨ 220
(5) ਦੁਬਿਧਾ ਦਾ ਜੀਵਨ 220
(6) ਮੈਲੇ ਮਨ ਵਾਲਾ 220
(7) ਜਨਮ ਜੂਐ ਹਾਰਿਆ 221
(ਸ) ਗੁਰਮੁਖ ਰਹਿਣੀ 221
(1) ਗੁਰਮੁਖ ਸਚੈ ਸਬਦਿ ਰਤੇ 221
(2) ਗੁਰਮੁਖ ਕੇ ਮੁਖ ਉਜਲੇ 222
(3) ਜੀਅਹੁ ਰਹੇ ਗੁਰ ਨਾਲੇ 222
(4) ਕਰਮ ਅਤੇ ਸੰਸੇ ਤੋਂ ਮੁਕਤ 223
(5) ਮਨਸ਼ਾ ਮੁਕਤ ਜੀਵਨ 223
(6) ਸੁਹਜ ਦਾ ਜੀਵਨ 224
(7) ਭਾਣੇ ਦਾ ਜੀਵਨ 224
(8) ਦਿੱਬ ਦ੍ਰਿਸ਼ਟ 225
(9) ਜੀਅਹੁ ਨਿਰਮਲ ਬਾਹਰੁ ਨਿਰਮਲ 225
(10) ਸਮਰੱਥ ਜੀਵਨ 226
(11) ਭੁਖਾ ਸਭਿ ਗਵਾਈਆ 226
(12) ਹਰਿ ਧਨ ਦੀ ਖੱਟੀ ਦਾ ਜੀਵਨ 226

**ਅਧਿਆਇ ਛੇਵਾਂ**

**ਸਾਰ-ਅੰਸ਼** 233
**ਪੁਸਤਕ-ਸੂਚੀ** 242
ਪੰਜਾਬੀ 242
ਹਿੰਦੀ 246
ਅੰਗਰੇਜ਼ੀ 248
ਪਤ੍ਰਿਕਾਵਾਂ 250
ਖੋਜ-ਪੱਤਰ 251

## ਮੁਖਬੰਦ

ਸ਼ਬਦ ਮਉਲਦੀ ਨਿਸਚਿਤਤਾ ਦੀ ਪਾਰਦਰਸ਼ਤਾ ਹੈ। ਇਸ ਨੇ ਦਵੰਦ ਦੀ ਸਗਲੀ ਤੋਰ ਵਿਚ ਆਪਣੀ ਭਾਲ ਦੇ ਅਸੰਖ ਮੁਕਾਮ ਆਪ ਹੀ ਸਾਜ ਕੇ ਰੱਖੇ ਹੋਏ ਹਨ। ਆਪਣੀ ਭਾਲ ਦੇ ਕੌਤਕਾਂ ਵਿਚ ਅਧੂਰਾਪਣ ਨਿਵਾਜਿਸ਼ ਗ੍ਰਹਿਣ ਕਰ ਆਪ ਹੀ ਸੰਪੂਰਨ ਹੁੰਦਾ ਹੈ ਤੇ ਆਪ ਹੀ ਆਪਣੀ ਸੰਪੂਰਨਤਾ ਦੇ ਵਹਿਮ ਨੂੰ ਤੋੜ ਮੁੜ ਨਿਵਾਜਿਸ਼ ਦੇ ਨਵੇਂ ਅੰਦਾਜ਼ ਨਾਲ ਨਵੀਂ ਸੰਪੂਰਨਤਾ ਉਡੀਕਦਾ ਹੈ। ਦਵੰਦ ਰੰਗਾਂ-ਰੰਗ ਰੂਪ ਧਾਰਨ ਕਰਨ ਦਾ ਬਲ ਸ਼ਬਦ ਦੀ ਮਉਲਦੀ ਨਿਸਚਿਤਤਾ ਤੋਂ ਹੀ ਪ੍ਰਾਪਤ ਕਰ ਰਿਹਾ ਹੈ। ਦਵੰਦ ਵਿਚੋਂ ਉਭਰੀ ਕਾਲ ਦੀ ਲਕੀਰੀ ਚੇਤਨਾ ਵਿਚ ਆਪਣੀ ਰਮਜ਼ ਪ੍ਰਗਟਾਉਣ ਹਿਤ ਸ਼ਬਦ ਕਿਸੇ ਵੀ ਖਿਣ ਆਪਣੀ ਸੰਪੂਰਨਤਾ ਦੇ ਮੁਕਾਮ ਸਿਰਜ ਸਕਦਾ ਹੈ।

ਮਨੁੱਖੀ ਗਿਆਨ ਦੇ ਉਚੇਰੇ ਅਨੁਭਵਾਂ (ਪਾਰਦਰਸ਼ੀ ਬਿਬੇਕ, ਯੋਗ, ਸ਼ੂਨਯ, ਤੰਤ੍ਰ, ਭਗਤੀ, ਪੁਰਾਣ ਤੇ ਸਿਮ੍ਰਤੀ) ਦੇ ਫੈਲਦੇ ਟਕਰਾਉਂਦੇ ਤੇ ਇਕ ਦੂਜੇ ਨੂੰ ਆਪਣੀ ਊਰਜਾ ਪ੍ਰਦਾਨ ਕਰਦੇ ਅਸੰਖ ਪਾਸਾਰਾਂ ਦੇ ਮਹਾਂ-ਵਰਤਾਰੇ ਨੂੰ ਸ਼ਬਦ ਦੀ ਮਉਲਦੀ ਨਿਸਚਿਤਤਾ ਨੇ ਆਪਣੇ ਵਿਗਸਨ ਵਿਚ ਥਾਂ ਦਿੱਤੀ ਹੋਈ ਹੈ। ਉਸਦੀ ਮਉਲਣ ਪ੍ਰਕ੍ਰਿਆ ਇਹਨਾਂ ਦੇ ਮਉਲਣ ਦੀ ਸ਼ਕਤੀ ਬਣਦੀ ਹੈ। ਉਚੇਰੇ ਮਨੁੱਖੀ ਗਿਆਨ ਦੇ ਇਹਨਾਂ ਸੱਤ ਪਾਸਾਰਾਂ ਵਿੱਚ ਮਨੁੱਖੀ ਚੇਤਨਾ ਦੇ ਹੋਰ ਸਗਲੇ ਅਨੁਭਵ ਵਿਗਸ ਰਹੇ ਹਨ। ਇਤਿਹਾਸ, ਫ਼ਲਸਫ਼ਾ, ਰਾਜਨੀਤੀ, ਸਭਿਆਚਾਰਕ ਮਨੋਵਿਗਿਆਨ, ਕੋਮਲ ਕਲਾਵਾਂ, ਵਿਗਿਆਨ ਆਦਿ ਸਭ ਉਪ੍ਰੋਕਤ ਮਹਾਂ-ਪਸਾਰਾਂ ਵਿਚ ਹੀ ਉਗਮਦੇ/ਬਿਨਸਦੇ ਪਏ ਹਨ।

ਸ਼ਬਦ ਕਾਲ ਦੇ ਖਲਾਅ ਦੀ ਚੇਤਨਾ ਵਲੋਂ ਕੀਤੀ ਤਿੰਨ ਪਰਤੀ ਵੰਡ ਤੋਂ ਪਾਰ ਹੈ। ਸ਼ਬਦ ਦੇ ਬਖ਼ਸ਼ ਦਰ ਨੂੰ ਪਾ, ਪਿਛੋਂ ਮ੍ਰਿਤ-ਮੰਡਲ ਵਿਚ ਕੀਤੀ ਘਾਲ ਨਾਲ ਨਾਮ ਵਸਤ ਪਹਿਚਾਣ, ਚੁਣ, ਪਾਲ ਤੇ ਇਕਤ੍ਰ ਕਰਕੇ ਮੁੜ ਸ਼ਬਦ-ਦਰ ਨਾਲ ਇਕ ਕਰ, ਸ਼ਬਦ ਦਾ ਗੁਰੂ ਰੂਪ ਪ੍ਰਗਟ ਕੀਤਾ ਗਿਆ ਹੈ। ਆਦਿ-ਅੰਤ 'ਤੇ ਪ੍ਰਗਾਸੁ ਹੋਇਆ, ਮ੍ਰਿਤ ਮੰਡਲ ਨੂੰ ਆਪਣੀ ਬੁੱਕਲ 'ਚ ਪਾਲਦਾ, ਸ਼ਬਦ, ਮਉਲਦੀ ਨਿਸਚਿਤਤਾ ਦੀ ਗਣਿਤਮਈ, ਤਾਰਕਿਕ, ਵਿਆਕਰਣ ਦਿਸ਼ਾ ਬਿਆਨਦਾ ਹੈ ਅਤੇ ਮ੍ਰਿਤ ਮੰਡਲ ਵਿਚ ਆਕਾਰ ਦੇ ਸਬੰਧ ਵਿਚ ਨਾਮ-ਰਸੀ ਤਰਲ-ਸੰਗੀਤਕ ਤੇ ਰਹੱਸਮਈ-ਨੁਹਾਰ ਪ੍ਰਗਟ ਕਰ ਅੰਮ੍ਰਿਤਮਈ-ਹਸਤੀ ਦੇ ਸਗਲੇ ਪਹਿਲੂਆਂ ਨੂੰ ਕਾਲ-ਜਕੜ ਤੋਂ ਮੁਕਤ ਰੱਖਦਾ ਹੈ। ਗੁਰਮੁਖਿ ਸੁਰਤਿ ਦੀ ਅਨੁਭਵੀ ਦੁਪੱਖਤਾ ਵਿਚ ਇਹ ਦੋਵੇਂ ਪਾਸਾਰ ਇਕੱਠੇ ਰਚ ਕੇ ਉਸਦੀ ਹਸਤੀ ਨੂੰ ਬ੍ਰਹਿਮੰਡੀ ਬਣਾਉਂਦੇ ਹੋਏ ਮਰਿਆਦਾਮਈ ਜ਼ਬਤ ਨਾਲ ਸਥਾਨਕਤਾ ਤੇ ਵਿਅਕਤੀਗਤਤਾ ਦੇ ਸਹੀ ਸੰਤੁਲਨ ਦਿੰਦੇ ਹਨ। ਉਂਝ ਸਥਾਨਕਤਾ ਅਤੇ ਵਿਅਕਤੀਗਤਤਾ ਉਸੇ ਬ੍ਰਹਿਮੰਡੀ ਤੱਤ ਦਾ ਕੌਤਕੀ ਰੂਪ ਹੀ ਹਨ। ਸ਼ਬਦ

ਗੁਰੂ ਦੇ ਪ੍ਰਗਾਸੁ ਨੇ ਪ੍ਰਮਾਣਿਕ ਪਦਾਰਥਕਤਾ ਦਾ ਨਿਰਮਾਣ ਕੀਤਾ ਹੈ। ਇਸ ਪ੍ਰਮਾਣਿਕ ਪਦਾਰਥਿਕਤਾ ਵਿਚੋਂ ਹੀ ਪ੍ਰਮਾਣਿਕ ਦਵੰਦਤਾ, ਜੋ ਮਉਲਦੀ ਨਿਸਚਿਤਤਾ ਦਾ ਹਿੱਸਾ ਹੀ ਹੈ, ਪੈਦਾ ਹੋਈ ਹੈ। ਮਉਲਦੀ-ਨਿਸਚਿਤਤਾ (ਅਕਾਲ ਪੁਰਖ) 'ਚੋਂ ਇਸੇ ਪ੍ਰਮਾਣਿਕ ਦਵੰਦਤਾ ਨੇ ਕਾਲ ਪੁਰਖ, ਸਭਿਆਚਾਰਕ ਮਾਨਵਵਾਦ ਦੇ ਸਗਲੇ ਫੈਲਾਅ ਨੂੰ ਸਿਰਜਣਾਤਮਕ ਇਸਤ੍ਰੀ-ਨੇਮ ਅਤੇ ਦੈਵੀ ਇਸਤਰੀ-ਨੇਮ ਦੇ ਹਵਾਲੇ ਕਰ, ਕਾਲ ਵਿਚ ਲਿੰਗਕਤਾ ਦੇ ਮੈਲ ਦੇ ਪਾਸਾਰ ਦੇ ਫੈਲਾਵਾਂ ਨੂੰ ਉਸਾਰੂ ਅਨੁਭਵ ਦਾ ਭਾਗ ਬਣਾ ਜਗਤ ਦੀ ਰਸਿਕ-ਰੰਗੀਨ ਲੀਲ੍ਹਾ ਸਿਰਜਦੇ ਹੋਏ ਮਉਲਦੀ-ਨਿਸਚਿਤਤਾ ਦਾ ਅਨੁਭਵ ਪ੍ਰਗਾਸਿਆ ਹੈ। ਇਹ ਬਖ਼ਸ਼ਿਸ਼ ਮੰਤ੍ਰ ਦੇ ਤਿੰਨ ਮੰਡਲਾਂ (ਬੀਜ ਮੰਤ੍ਰ, ਗੁਰਮੰਤ੍ਰ ਤੇ ਮੂਲ-ਮੰਤਰ) ਵਿਚ ਉਤਰ ਅਨੇਕਤਾ ਅਤੇ ਅਚੰਭਿਤ ਪੇਚੀਦਗੀ ਨੂੰ ਸਹਿਜ-ਮਰਿਆਦਾ ਵਿਚ ਪਰੋ ਲੈਂਦੀ ਹੈ।

ਸ਼ਬਦ ਮ੍ਰਿਤ ਮੰਡਲ ਵਿਚ ਪ੍ਰਗਟ ਹੋ ਆਪਦੇ ਸਾਖੀ ਨੇਮ ਰਾਹੀਂ, ਮਨੁੱਖੀ ਅਨੁਭਵ ਦੇ ਸਗਲੇ ਮਿਆਰਾਂ ਨੂੰ ਨਿਵਾਜਣ ਦੇ ਪੰਧ ਸਿਰਜਦਾ ਹੈ। ਸ਼ਬਦ ਸਗਲ ਮਨੁੱਖਤਾ ਦਾ ਹੈ ਇਸ ਲਈ ਹਰੇਕ ਮਨੁੱਖੀ ਅਨੁਭਵੀ ਦਾ ਮਿਆਰ ਉਸ ਵਿਚ ਸ਼ਾਮਿਲ ਕਰਨ ਲਈ ਸਾਧਕੀ ਤਿਆਗ, ਸੇਵਾ ਪਾਰਦਰਸ਼ੀ ਗਿਆਨ, ਨਾਮ-ਰਸ ਦੀ ਵਿਸ਼ਵਵਿਆਪੀ ਸਾਂਝ ਦਾ ਧੁਰਾ ਅਤੇ ਪ੍ਰਮਾਣਿਕ ਦਵੰਦਤਾ 'ਚੋਂ ਇਤਿਹਾਸ ਨੂੰ ਸਾਖੀ ਨੇਮ ਰਾਹੀਂ ਸ਼ਬਦ ਆਦਰਸ਼ ਨਾਲ ਲਗਾਤਾਰ ਜੋੜਣ ਵਾਲੇ ਸਰਬ-ਲੋਹੀ ਸ਼ਸਤਰੀ ਅਨੁਭਵ ਪ੍ਰਗਟ ਕੀਤੇ ਗਏ ਹਨ। ਇਹ ਸਰਬ ਲੋਹੀ ਸ਼ਸਤਰੀ ਅਨੁਭਵ ਨਿਰਮਲ ਮਾਤਰੀ ਨੇਮ ਦੀ ਸ਼ਰਨ ਵਿਚ ਹੈ, ਜਿਸ ਨਾਲ ਇਹ ਪ੍ਰਕ੍ਰਿਤੀ ਦੇ ਤੰਤ੍ਰਿਕ ਵਰਤਾਰੇ ਨੂੰ ਸ਼ਬਦ ਦੀ ਸੇਵਾ ਵਿਚ ਲੀਨ ਰੱਖਦਾ ਹੈ।

ਗੁਲਜ਼ਾਰ ਸਿੰਘ ਕੰਗ ਨੇ ਅਕਾਦਮਿਕ ਖੋਜ ਸਿਧਾਂਤਾਂ ਦੀ ਪ੍ਰਪੱਕਤਾ 'ਚ ਰਹਿੰਦੇ ਹੋਏ, ਤੁਲਨਾਤਮਿਕ ਤੇ ਵਿਸ਼ਲੇਸ਼ਣੀ ਵਿਧੀ ਨੂੰ ਰਹੱਸ ਤੇ ਅਧਿਆਤਮਿਕਤਾ ਦੇ ਸਹਿਜ ਸੁਮੇਲ ਨਾਲ ਸੰਯੋਜਿਤ ਕਰ ਇਸ ਕਾਰਜ ਨੂੰ ਸੰਪੂਰਨ ਕੀਤਾ ਹੈ। ਇਥੇ ਤੁਲਨਾਤਮਿਕ ਧਰਮ ਅਧਿਐਨ ਮੌਲਿਕਤਾ ਪ੍ਰਗਟਾਉਣ ਵਲ ਰੁਚਿਤ ਹੈ। ਵਿਸ਼ਵ ਧਰਮਾਂ ਅਤੇ ਰਹੱਸਵਾਦੀ ਚਿੰਤਨ (ਭਾਰਤੀ, ਯੂਨਾਨੀ, ਸਾਮੀ, ਚੀਨੀ ਤੇ ਪਾਰਸੀ) ਦੀਆਂ ਸ਼ਬਦ-ਪ੍ਰੰਪਰਾਵਾਂ ਦੀ ਚਰਚਾ ਕਰ ਗੁਰਮਤਿ ਵਿਚ ਸ਼ਬਦ ਦੀ ਧਾਰਨਾ ਨੂੰ ਪੇਸ਼ ਕੀਤਾ ਗਿਆ ਹੈ। ਸ਼ਬਦ ਦੀ ਮਹਿਮਾ ਦਾ ਅਧਿਆਤਮਿਕ ਸੰਕਲਪਨਾਵਾਂ (ਗੁਰੂ, ਹੁਕਮ, ਨਾਮ) ਨਾਲ ਸੂਖਮ ਰਿਸ਼ਤਾ ਅਨੁਭਵੀ ਅਤੇ ਦਾਰਸ਼ਨਿਕ ਇਕਸੁਰਤਾ ਵਿਚ ਪ੍ਰਸਤੁਤ ਕੀਤਾ ਹੈ। ਸ਼ਬਦ-ਸਾਧਨਾ ਦੀ ਪ੍ਰਕ੍ਰਿਤੀ, ਪ੍ਰੰਪਰਾ, ਤੱਤ, ਜੁਗਤਿ, ਸਾਧਨ ਅਤੇ ਅਵਸਥਾਵਾਂ ਦਾ ਵਿਸਥਾਰਪੂਰਵਕ ਅਧਿਐਨ ਕਰ ਸ਼ਬਦ ਦੇ ਅਨੁਭਵੀ ਪੱਖ ਦੀ ਪਰਾਭੌਤਿਕਤਾ ਅਤੇ ਭੌਤਿਕਤਾ ਦੇ ਫੈਲਾਅ ਉਜਾਗਰ ਕੀਤੇ ਗਏ ਹਨ। ਭਾਈ ਵੀਰ ਸਿੰਘ ਨੇ 'ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ 'ਸਾਧਨਾ' ਦੀ ਸ਼ਮੂਲੀਅਤ ਵਿਚ ਅਰਥ ਨੂੰ ਪੇਸ਼ ਕੀਤਾ ਹੈ। ਪ੍ਰੋ: ਹਿੰਮਤ ਸਿੰਘ ਸ਼ਬਦ ਅਨੁਭੂਤੀ ਅਤੇ ਅਰਥ ਪ੍ਰਗਟਾ ਵਿਧਾਨ ਨੂੰ ਅਨੁਭਵ-ਵਿਖਿਆਨ-ਸਮਖਿਣਤਾ (Experience-Expression-Simultaneity) ਪ੍ਰਵਾਨ ਕਰਦੇ ਹਨ। ਨਾਮ ਰਸਾਇਣ ਦੀ ਸ਼ਬਦ ਬ੍ਰਹਿਮੰਡਤਾ ਦੀ ਗਿਆਨ-ਮੀਮਾਂਸਾ, ਉਸਦੀ ਤੱਤ-ਮੀਮਾਂਸਾ ਹੋਂਦ ਦੇ ਪਲਟਾਓ ਵਿਧਾਨ ਨਾਲ ਇਕਰੂਪਤਾ ਵਿਚੋਂ ਹੀ ਸਥਾਪਿਤ ਹੁੰਦੀ ਹੈ। ਇਸ ਦੇ ਸੰਗਠਨ ਦੀ ਪਕੜ ਸਾਧਨਾ ਤੋਂ ਬਗ਼ੈਰ ਨਾ-ਮੁਮਕਿਨ ਹੈ। ਸੋ ਇਹ ਪ੍ਰਾਪਤੀ ਦਰਸ਼ਨ ਲੀਨਤਾ 'ਚੋਂ ਜਾਗੀ ਅਨੁਭਵੀ ਦੁਪੱਖਤਾ 'ਚੋਂ ਹੀ ਹਾਸਿਲ ਹੋ ਸਕਦੀ ਹੈ। ਗੁਲਜ਼ਾਰ ਸਿੰਘ ਕੰਗ ਨੇ ਅਕਾਦਮਿਕ ਖੋਜ ਵਿੱਚ ਸਾਧਨਾ ਨੂੰ ਸਥਾਪਿਤ ਕਰ ਪੂਰਬੀ ਗਿਆਨ ਰਮਜ਼ ਨੂੰ ਪ੍ਰਗਟ ਕੀਤਾ ਹੈ। ਇਹ ਪੁਸਤਕ ਖੋਜ ਵਿਧੀ, ਤੁਲਨਾਤਮਿਕ ਧਰਮ ਅਧਿਐਨ ਅਤੇ ਡੂੰਘੀ ਨੀਝ ਨਾਲ ਪੇਸ਼ ਕੀਤਾ ਪ੍ਰੇਰਨਾਦਾਇਕ ਖੋਜ-ਕਾਰਜ ਹੈ।

**ਪ੍ਰੋ. ਜਗਦੀਸ਼ ਸਿੰਘ**
ਨਾਦ ਪ੍ਰਗਾਸੁ, ਸ੍ਰੀ ਅੰਮ੍ਰਿਤਸਰ॥

# ਪ੍ਰਸਤਾਵਨਾ

'ਸ਼ਬਦ : ਅਨੁਭਵ ਅਤੇ ਦਰਸ਼ਨ' ਇੱਕ ਗਹਿਰ ਗੰਭੀਰ ਵਿਸ਼ਾ ਹੈ। ਇਸ ਦੀ ਪਰੰਪਰਾ ਬਹੁਤ ਪੁਰਾਣੀ ਹੈ ਅਤੇ ਵਿਸ਼ਵ ਦੇ ਹਰ ਧਰਮ ਚਿੰਤਨ ਨੇ ਇਸ ਨੂੰ ਅੰਗੀਕਾਰ ਕੀਤਾ ਹੋਣ ਕਰਕੇ, ਇਸ ਦੇ ਸੰਕੇਤ ਹਰ ਧਰਮ ਵਿੱਚੋਂ ਮਿਲਦੇ ਹਨ। ਗੁਰਮਤਿ ਵਿੱਚ ਸ਼ਬਦ ਦੇ ਸੰਕਲਪ ਨੂੰ ਕੇਂਦਰੀਅਤਾ ਪ੍ਰਾਪਤ ਹੋਣ ਕਰਕੇ ਇਹ ਸਿੱਖੀ ਦਾ ਮੂਲ ਸਰੋਕਾਰ ਹੈ। ਬਾਕੀ ਧਰਮਾਂ ਨੇ ਜਿੱਥੇ 'ਸ਼ਬਦ' ਨੂੰ ਦਾਰਸ਼ਨਿਕ ਰੂਪ ਵਿੱਚ ਅਪਨਾਇਆ ਹੈ, ਉੱਥੇ ਗੁਰੂ ਸਾਹਿਬਾਨ ਨੇ ਇਸ ਨੂੰ ਬੌਧਿਕ ਸੀਮਾਵਾਂ ਵਿੱਚੋਂ ਕੱਢ ਕੇ ਭਾਵਨਾ ਅਤੇ ਪ੍ਰੇਮ ਦੀ ਰਾਗਾਤਮਕ ਗੱਦੀ ਉੱਪਰ ਸੁਸ਼ੋਭਿਤ ਕੀਤਾ ਹੈ। ਇਹੀ ਕਾਰਨ ਹੈ ਕਿ ਸਿੱਖ ਧਰਮ ਦਾ ਰਹੱਸਵਾਦ, ਸ਼ਬਦ ਅਤੇ ਸਿਮਰਨ ਦਾ ਰਹੱਸਵਾਦ ਹੈ।

ਹਰ ਧਰਮ ਦੇ ਦੋ ਪੱਖ ਹੁੰਦੇ ਹਨ : ਇੱਕ ਖੜੋਤ ਗ੍ਰਸਤ (Static) ਅਤੇ ਦੂਜਾ ਸਕ੍ਰਿਆ (Dynamic)। ਪਹਿਲੇ ਦਾ ਪ੍ਰਗਟਾਵਾ ਉਸਦੇ ਸੰਸਥਾਗਤ ਰੂਪ ਵਿੱਚ ਹੁੰਦਾ ਹੈ ਅਤੇ ਦੂਜਾ ਉਸਦਾ ਅਧਿਆਤਮਕ ਪੱਖ ਹੈ। ਗੁਰਮਤਿ ਇਹਨਾਂ ਨੂੰ ਵੱਖਰੇ ਰੂਪਾਂ ਵਿੱਚ ਵੰਡ ਕੇ ਨਹੀਂ ਦੇਖਦਾ, ਸਗੋਂ ਇਹ ਦੋਵੇਂ ਪੱਖ ਇੱਕ ਦੂਜੇ ਦੇ ਪਰਿਪੂਰਕ ਹਨ। ਸਿੱਖ ਧਰਮ ਦਾ ਸੰਸਥਾਗਤ ਰੂਪ 'ਸੰਗਤਿ', 'ਸ਼ਬਦ' ਆਧਾਰਿਤ ਹੈ। ਸੰਗਤਿ ਕੈਸੀ ਹੋ ਸਕਦੀ ਹੈ? ਇਸ ਦੀ ਪੁਸ਼ਟੀ 'ਜਿਥੈ ਏਕੋ ਨਾਮੁ ਵਖਾਣੀਐ' ਰਾਹੀਂ ਹੁੰਦੀ ਹੈ। ਸਿੱਖ ਧਰਮ ਸ਼ਬਦ-ਮੂਲਕ ਸਕ੍ਰਿਆ ਧਰਮ ਹੈ, ਕਿਉਂਕਿ ਇਸ ਦਾ ਸੰਚਾਲਨ ਸ੍ਰੋਤ 'ਸ਼ਬਦ' ਹੈ। ਇਸ ਵਿੱਚ ਸ਼ਬਦ ਹੀ ਪਰਮਸਤਿ ਹੈ, ਸ਼ਬਦ ਹੀ ਗੁਰੂ ਹੈ, ਸ਼ਬਦ ਹੀ ਆਤਮ ਪ੍ਰਕਾਸ਼ ਹੈ ਅਤੇ ਸ਼ਬਦ ਹੀ ਮੁਕਤ-ਦੁਆਰ ਹੈ। ਸ਼ਬਦ ਤੋਂ ਬਿਨਾਂ ਜੀਵ ਲਈ ਅਧਿਆਤਮਕ ਪ੍ਰਾਪਤੀ ਦਾ ਹੋਰ ਕੋਈ ਬਦਲ ਹੋ ਹੀ ਨਹੀਂ ਸਕਦਾ। ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦਾ ਫ਼ੁਰਮਾਨ ਹੈ :-

**ਬਿਨੁ ਸਬਦੈ ਅੰਤਰਿ ਆਨੇਰਾ॥ ਨ ਵਸਤੁ ਲਹੈ ਨ ਚੂਕੈ ਫੇਰਾ॥**

*(ਮਾਝ, ਪੰਨਾ 124)*

ਇਵੇਂ 'ਸ਼ਬਦ' ਸਿੱਖ-ਚਿੰਤਨ ਦਾ ਮੂਲ ਸ੍ਰੋਤ ਅਤੇ ਮੁਖ ਸਰੋਕਾਰ ਹੋਣ ਕਰਕੇ, ਇਸ ਦੀ

ਅਹਿਮੀਅਤ ਸਭ ਤੋਂ ਵਧੇਰੇ ਹੈ। ਇਹੀ ਅਹਿਮੀਅਤ ਇਸ ਸੋਧ-ਪ੍ਰਬੰਧ ਦੇ ਵਿਸ਼ੇ ਦੀ ਚੋਣ ਦਾ ਆਧਾਰ ਹੈ।

ਧਰਮ-ਚਿੰਤਨ ਵਿੱਚ ਸ਼ਬਦ ਦੇ ਪ੍ਰਸੰਗ ਤਾਂ ਪ੍ਰਾਪਤ ਹਨ ਪਰ ਸ਼ਬਦ ਦਾ ਸਿਧਾਂਤੀਕਰਣ ਸਿਰਫ਼ ਗੁਰਮਤਿ ਵਿੱਚ ਹੀ ਹੁੰਦਾ ਹੈ। ਸਿੱਖ-ਚਿੰਤਨ ਸ਼ਬਦ ਨੂੰ ਪਰੰਪਰਾ ਦੀ ਨਿਰੰਤਰਤਾ ਵਿੱਚ ਨਹੀਂ ਵੇਖਦਾ, ਸਗੋਂ ਇਸ ਦਾ ਮੌਲਿਕ ਸੰਦਰਭ ਪ੍ਰਸਤੁਤ ਕਰਦਾ ਹੈ। ਇਸ ਵਿੱਚ 'ਸ਼ਬਦ' ਬਾਕੀ ਧਰਮਾਂ ਵਾਂਗ ਵਿਚਾਰ ਦੇ ਭਿੰਨ-ਭਿੰਨ ਸੰਕਲਪਾਂ, ਬਿੰਬਾਂ ਅਤੇ ਅਰਥਾਂ ਦੇ ਹਜੂਮ ਵਜੋਂ ਨਹੀਂ ਆਇਆ। ਇਸੇ ਕਰਕੇ ਸਾਡਾ ਇਕ ਫ਼ੱਕਰ ਸਿੱਖ ਵਿਦਵਾਨ ਕਹਿੰਦਾ ਹੈ : 'ਸ਼ਬਦ' ਨਾ ਤਾਂ ਤੰਤ੍ਰ-ਮੰਤ੍ਰਾਂ ਦੇ ਕ੍ਰਿਸ਼ਮਿਆਂ ਦੀ ਉਪਜ ਹੈ ਅਤੇ ਨਾ ਹੀ ਅੱਖਰਾਂ ਦਾ ਮਹਾਂ ਜਾਲ। ਇਹ ਰਿਸ਼ੀਆਂ-ਮੁਨੀਆਂ ਦੇ ਧਿਆਨ ਦਾ ਕੇਂਦਰ ਵੀ ਨਹੀਂ, ਨਾ ਜੋਗੀਆਂ ਦੀ ਤਪੱਸਿਆ ਦਾ ਸਿਖਰ ਹੈ। ਇਹ ਬੋਧੀਆਂ ਦੀ ਸ਼ੂਨਯਤਾ ਵੀ ਨਹੀਂ ਅਤੇ ਨਾ ਹੀ ਵੇਦਾਂਤ ਦੇ ਫ਼ਲਸਫ਼ੇ ਦੀ ਬੌਧਿਕਤਾ ਇਸ ਦੀ ਹਾਥ ਲੈ ਸਕੀ ਹੈ। ਇਹ ਤਾਂ ਅਕਾਲ ਪੁਰਖ ਦੀ ਬਖਸ਼ਿਸ਼ ਦਾ ਉਹ ਵਿਸਮਾਦ ਹੈ ਜੋ ਗੁਰਸਿੱਖ ਦੀ ਸੁਰਤਿ ਵਿੱਚੋਂ ਉਜਾਗਰ ਹੁੰਦਾ ਹੈ, ਗੁਰੂ ਸਾਹਿਬ ਦਾ ਆਦੇਸ਼ ਹੈ :-

**ਸਿੰਮ੍ਰਿਤਿ ਸਾਸਤ੍ਰ ਪੜਹਿ ਮੁਨਿ ਕੇਤੇ ਬਿਨੁ ਸਬਦੈ ਸੁਰਤਿ ਨ ਪਾਈ॥**

*(ਭੈਰਉ ਮ: 3, ਪੰਨਾ 1130)*

ਸ਼ਬਦ ਸਿੱਖ-ਚਿੰਤਨ ਦਾ ਕੇਂਦਰੀ ਸਰੋਕਾਰ ਹੋਣ ਕਰਕੇ ਇਸ ਦੀ ਮਹਿਮਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਾਰੇ ਗੁਰੂ ਸਾਹਿਬਾਨ ਅਤੇ ਭਗਤਾਂ ਨੇ ਗਾਇਣ ਕੀਤੀ ਹੈ। ਅਸਲ ਵਿੱਚ ਗੁਰਮਤਿ 'ਇਸ ਜਗ ਮਹਿ ਸਬਦੁ ਕਰਣੀ ਹੈ ਸਾਰੁ॥ ਬਿਨੁ ਸਬਦੈ ਹੋਰੁ ਮੋਹੁ ਗੁਬਾਰੁ॥' (ਪੰਨਾ 1342) ਪਰਵਾਨ ਕਰਦੀ ਹੈ। ਸ਼ਬਦ ਉਸ ਅਹਿਸਾਸ ਦਾ ਨਾਮ ਹੈ, ਜਿਸ ਦਾ ਆਵੇਸ਼ ਗੁਰੂ ਹਿਰਦੇ ਵਿੱਚ ਹੁੰਦਾ ਹੈ। ਇਸੇ ਕਰਕੇ ਸਿੱਖੀ ਵਿੱਚ 'ਸ਼ਬਦ-ਗੁਰੂ' ਨੂੰ 'ਪ੍ਰਤਖ ਹਰਿ' ਦੇ ਰੂਪ ਵਿੱਚ ਪਰਵਾਨ ਕੀਤਾ ਗਿਆ ਹੈ। ਸ਼ਬਦ 'ਜੋਤਿ' ਹੈ ਅਤੇ ਇਸ 'ਜੋਤਿ' ਨੇ ਨਿਸ਼ਚਿਤ 'ਜੁਗਤਿ' ਵਿੱਚ ਪਰਗਟ ਹੋਣਾ ਹੁੰਦਾ ਹੈ। ਗੁਰਬਾਣੀ ਸ਼ਬਦ-ਗੁਰੂ ਦੀ ਜੋਤਿ ਦਾ ਅੱਖਰੀ ਰੂਪ ਹੈ। ਇਵੇਂ 'ਵਾਹੁ ਵਾਹੁ ਬਾਣੀ ਨਿਰੰਕਾਰ ਹੈ' ਹੋਣ ਕਰਕੇ ਅਕਾਲ ਪੁਰਖ ਸ਼ਬਦ ਰੂਪ ਵਿੱਚ ਗੁਰੂ ਹਿਰਦੇ ਰਾਹੀਂ ਬਾਣੀ ਦਾ ਰੂਪ ਧਾਰਦਾ ਹੈ। 'ਇਕਾ ਬਾਣੀ ਇਕੁ ਗੁਰ ਇਕੋ ਸਬਦੁ ਵੀਚਾਰਿ' (ਪੰਨਾ 646) ਦੀ ਸਿੱਖ ਧਾਰਨਾ; ਬਾਣੀ, ਗੁਰੂ ਅਤੇ ਸ਼ਬਦ ਵਿੱਚ ਕੋਈ ਭਿੰਨਤਾ ਨਹੀਂ ਰਹਿਣ ਦਿੰਦੀ। ਇਸ ਦੇ ਸੰਪੂਰਨ ਇਕਾਈ (Unit) ਹੋਣ ਦਾ ਆਧਾਰ 'ਜੋਤਿ ਉਹਾ ਜੁਗਤਿ ਸਾਇ' ਅਤੇ 'ਲੰਗਰ ਚਲੈ ਗੁਰ ਸਬਦਿ ਹਰਿ ਤੋਟ ਨਾ ਆਵੀ ਖਟਿਐ' ਦੀ ਨਿਰੰਤਰਤਾ ਵਿੱਚੋਂ ਵੇਖਿਆ ਜਾ ਸਕਦਾ ਹੈ। ਦਸ ਗੁਰੂ ਸਾਹਿਬਾਨ ਤੱਕ 'ਜੋਤਿ ਅਤੇ ਜੁਗਤਿ' ਇਕੱਠੀਆਂ ਰਹੀਆਂ ਪਰ ਦਸਮ ਪਾਤਿਸ਼ਾਹ ਨੇ ਜੋਤਿ ਗ੍ਰੰਥ ਵਿੱਚ ਅਤੇ ਜੁਗਤਿ ਪੰਥ ਵਿੱਚ ਟਿਕਾ ਦਿੱਤੀ। ਇਵੇਂ ਸ਼ਬਦ ਦੀ ਆਤਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੈ ਅਤੇ ਦੇਹ ਪੰਥ ਵਿੱਚ ਹੈ, ਪਰ ਜੁਗਤਿ ਤੋਂ ਬਿਨਾਂ ਜੋਤਿ ਦਾ ਕ੍ਰਿਸ਼ਮਾ ਨਹੀਂ ਵਰਤਦਾ। ਸ਼ਬਦ ਸੁਰਤਿ ਦੀ ਸਾਧਨਾ ਜਦ ਜੁਗਤਿ ਨੂੰ ਵਰਤਾਉਂਦੀ ਹੈ ਤਾਂ ਸ਼ਬਦ ਗੁਰਸਿੱਖ ਦੇ ਅਨੁਭਵ ਵਿੱਚ ਉਜਾਗਰ ਹੁੰਦਾ ਹੈ। ਇਵੇਂ ਸ਼ਬਦ ਦੀ ਗਹਿਰ-ਗੰਭੀਰਤਾ ਦਾ ਕੋਈ ਆਰ ਪਾਰ ਨਹੀਂ ਹੈ। ਇਸ ਦੇ ਅੰਤਿਮ ਵਸੇਰੇ ਦੀ ਹਰ ਕੁੰਟ ਅਚਿਹਨ ਸੱਚ ਵਿੱਚ ਵਿਆਪਕ ਹੈ। ਇਸ ਅਚਿਹਨ ਸੱਚ ਦੀ ਸਿੱਖ-ਅਨੁਭਵਤਾ ਦਾ ਵਿਧੀਵਤ ਰੂਪ ਵਿੱਚ ਅਧਿਐਨ ਨਹੀਂ ਹੋ ਸਕਿਆ ਹੈ। ਭਾਵੇਂ ਵੱਖ-ਵੱਖ ਸੰਪਰਦਾਵਾਂ ਵੱਲੋਂ ਸ਼ਬਦ ਦੇ ਸੰਕਲਪ ਉੱਤੇ ਕੰਮ ਹੋਇਆ ਹੈ, ਪਰ ਫਿਰ ਵੀ ਸ਼ਬਦ ਬਾਰੇ ਸਪੱਸ਼ਟਤਾ ਨਾਲੋਂ ਭ੍ਰਾਂਤੀਆਂ ਵਧੇਰੇ ਹਨ। ਇਸ ਪੁਸਤਕ ਰਾਹੀਂ ਜਿੱਥੇ ਸ਼ਬਦ-ਗੁਰੂ ਬਾਰੇ ਪਾਈਆਂ ਜਾਂਦੀਆਂ ਭ੍ਰਾਂਤੀਆਂ ਨੂੰ ਸਪੱਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ, ਉੱਥੇ ਸ਼ਬਦ ਦੇ ਪਰਿਪੇਖ ਵਿੱਚ ਹਰ ਪਹਿਲੂ ਨੂੰ ਗੁਰਬਾਣੀ ਦੀ ਲੋਅ ਵਿੱਚ ਵਿਚਾਰਣ ਦਾ ਯਤਨ ਕੀਤਾ ਗਿਆ ਹੈ।

*ਸ਼ਬਦ : ਅਨੁਭਵ ਤੇ ਦਰਸ਼ਨ* ਦਾ ਵਿਧੀਵਤ ਅਧਿਐਨ ਕਰਨ ਲਈ ਸਾਰੇ ਕਾਰਜ ਨੂੰ ਪੰਜਾਂ ਅਧਿਆਵਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਸ਼ਬਦ ਪਰੰਪਰਾ ਦੀ ਗੱਲ ਕਰਦੇ ਹੋਏ, ਇਸ ਦੀ ਬਾਕੀ ਧਰਮਾਂ ਵਿੱਚ ਸਾਰਥਿਕਤਾ ਨੂੰ ਵੇਖਿਆ ਗਿਆ ਹੈ। ਦੂਜੇ ਅਧਿਆਇ ਵਿੱਚ ਗੁਰਮਤਿ ਚਿੰਤਨ ਅਨੁਸਾਰ ਸ਼ਬਦ ਦੀ ਧਾਰਨਾ ਸਪੱਸ਼ਟ ਕੀਤੀ ਗਈ ਹੈ। ਤੀਜੇ ਅਧਿਆਇ ਵਿੱਚ ਸ਼ਬਦ ਦੀ ਮਹਿਮਾ ਬਿਆਨ ਕਰਦੇ ਹੋਏ ਇਸ ਦੀਆਂ ਪ੍ਰਤਿਧੁਨੀਆਂ ਗੁਰੂ, ਹੁਕਮ ਅਤੇ ਨਾਮ ਵਿੱਚ ਅਨੁਭਵ ਕੀਤੀਆਂ ਗਈਆਂ ਹਨ। ਚੌਥੇ ਅਧਿਆਇ ਵਿੱਚ ਸ਼ਬਦ ਸਾਧਨਾ ਅਧੀਨ ਗੁਰਬਾਣੀ ਵਿੱਚ ਪ੍ਰਸਤੁਤ ਸ਼ਬਦ ਜੋਗ ਰਾਹੀਂ ਅਧਿਆਤਮਕ ਪੜਾਵਾਂ ਦੀ ਨਿਸ਼ਾਨਦੇਹੀ ਵਿਧੀਵਤ ਰੂਪ ਵਿੱਚ ਕੀਤੀ ਗਈ ਹੈ। ਪੰਜਵੇਂ ਅਧਿਆਇ ਵਿੱਚ ਸਾਧਨਾ ਪਿੱਛੋਂ ਪ੍ਰਾਪਤ ਹੋਈ ਅਨੁਭੂਤੀ ਦੀ ਅਭਿਵਿਅਕਤੀ ਨੂੰ ਪਰਾਭੌਤਿਕ ਅਤੇ ਭੌਤਿਕ ਦੋਹਾਂ ਪੱਖਾਂ ਤੋਂ ਗੁਰਮੁਖ ਦੀ ਸ਼ਖ਼ਸੀਅਤ ਵਿੱਚੋਂ ਨਿਹਾਰਨ ਦਾ ਯਤਨ ਕੀਤਾ ਗਿਆ ਹੈ। ਇਸ ਅਧਿਐਨ ਰਾਹੀਂ ਇਸ ਸਿੱਟੇ ਤੇ ਪੁੱਜਿਆ ਗਿਆ ਹੈ ਕਿ ਸ਼ਬਦ ਦੇ ਸੰਕਲਪ ਨੂੰ ਸਿੱਖ-ਚਿੰਤਨ ਦੇ ਸ੍ਰੋਤ ਅਤੇ ਪ੍ਰਕਾਸ਼ਨ ਦੇ ਗੋਲਾਕਾਰ ਵਿੱਚੋਂ ਵੇਖਿਆ ਜਾ ਸਕਦਾ ਹੈ। ਸ੍ਰੋਤ ਵਿੱਚ ਸੰਭਾਵਨਾਵਾਂ ਸ਼ਾਮਲ ਹਨ ਅਤੇ ਪ੍ਰਕਾਸ਼ਨ ਵਿੱਚ ਇਨ੍ਹਾਂ ਸੰਭਾਵਨਾਵਾਂ ਦਾ ਅਮਲ ਵਿੱਚ ਪ੍ਰਗਟਾਵਾ ਹੁੰਦਾ ਹੈ।

ਇਸ ਵਿਸ਼ੇ ਪ੍ਰਤੀ ਮੇਰੀ ਦਿਲਚਸਪੀ ਮੇਰੇ ਸੰਸਕਾਰਾਂ ਵਿੱਚ ਅਚੇਤ ਰੂਪ ਵਿੱਚ ਵਸੇ ਮੇਰੇ ਪਰਿਵਾਰ ਦੇ ਬਜ਼ੁਰਗਾਂ ਦੇ ਅਧਿਆਤਮਕ ਰਸੀਏ ਅਤੇ ਨਾਮ-ਬਾਣੀ ਦੇ ਪ੍ਰੇਮੀ ਹੋਣ ਦਾ ਸਾਇਆ ਹੈ। ਵਿਸ਼ੇ ਦੀ ਚੋਣ ਤਾਂ ਮੈਂ ਸਹਿ-ਸੁਭਾਅ ਹੀ ਕਰ ਲਈ, ਪਰ ਜਦ ਇਸ ਵਿਸ਼ੇ ਉੱਪਰ ਕੰਮ ਕਰਨਾ ਸ਼ੁਰੂ ਕੀਤਾ ਤਾਂ ਮੈਨੂੰ ਅਹਿਸਾਸ ਹੋਇਆ ਕਿ ਜਿਤਨਾ ਵਿਸ਼ਾ ਚੋਣ ਸਹਿਲ ਸੀ, ਇਸ ਤੇ ਕੰਮ ਕਰਨਾ ਉਤਨਾ ਹੀ ਕਠਿਨ ਹੈ। ਇਸ ਦੀ ਗਹਿਰ-ਗੰਭੀਰਤਾ ਅਤੇ ਰਹੱਸ ਨੂੰ ਜਾਣਨ ਲਈ ਮੈਨੂੰ ਪੈਰ-ਪੈਰ ਉੱਤੇ ਉਲਝਣਾਂ ਦਾ ਸਾਹਮਣਾ ਕਰਨਾ ਪਿਆ। ਰਹੱਸਾਤਮਕ ਪੱਧਰ ਤੇ ਗੁਰਬਾਣੀ ਦੇ ਪਾਠ/ਅਧਿਐਨ ਨੇ ਅਤੇ ਅਕਾਦਮਿਕ ਪੱਧਰ ਤੇ ਡਾ. ਬਲਕਾਰ ਸਿੰਘ ਜੀ (ਭੂਤਪੂਰਵ ਪ੍ਰੋਫੈਸਰ ਤੇ ਮੁਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ) ਵੱਲੋਂ ਮਿਲੀ ਸੁਹਿਰਦ ਅਗਵਾਈ ਨੇ ਸਭ ਉਲਝਣਾਂ ਖ਼ਤਮ ਕਰਕੇ ਮੇਰੇ ਲਈ ਇਹ ਕਾਰਜ ਸੁਹੇਲੜਾ ਕਰ ਦਿੱਤਾ। ਡਾ. ਬਲਕਾਰ ਸਿੰਘ ਜੀ ਵੱਲੋਂ ਮਿਲੇ ਸੱਚੇ ਸਨੇਹ ਅਤੇ ਮਿਲਵਰਤਣ ਲਈ ਮੈਂ ਉਨ੍ਹਾਂ ਦਾ ਤਹਿ ਦਿਲੋਂ ਅਭਾਰੀ ਤਾਂ ਹਾਂ ਹੀ, ਪਰ ਉਨ੍ਹਾਂ ਵੱਲੋਂ ਆਪਣੀਆਂ ਪ੍ਰਸ਼ਾਸਕੀ ਜ਼ੁੰਮੇਵਾਰੀਆਂ ਦੇ ਬਾਵਜੂਦ ਦਿੱਤਾ ਗਿਆ ਸਮਾਂ ਮੇਰੇ ਲਈ ਜ਼ਿੰਦਗੀ ਭਰ ਦਾ ਸਰਮਾਇਆ ਰਹੇਗਾ।

ਡਾ. ਜਸਵੰਤ ਸਿੰਘ ਨੇਕੀ ਜੀ ਵਲੋਂ ਮਿਲਿਆ ਅਸ਼ੀਰਵਾਦ ਮੇਰੀ ਰੂਹ ਨੂੰ ਸਦ–ਜਾਗਤ ਰਹਿਣ ਦੀ ਪ੍ਰੇਰਨਾ ਦਿੰਦਾ ਹੈ। ਉਨ੍ਹਾਂ ਦੇ ਸਾਧ–ਬਚਨ ਮੇਰੇ ਲਈ ਹਮੇਸ਼ਾਂ ਰੱਬ ਵਰਗਾ ਓਟ–ਆਸਰਾ ਬਣੇ ਹਨ। ਇਸ ਪੁਸਤਕ ਲਈ ਉਨ੍ਹਾਂ ਵਲੋਂ ਲਿਖੇ ਸ਼ਬਦ ਮੇਰੇ ਲਈ ਡਾਢਾ ਅਕਾਦਮਿਕ ਗੌਰਵ ਰਖਦੇ ਹਨ। ਉਨ੍ਹਾਂ ਵਲੋਂ ਮਿਲੇ ਇਸ ਪਿਆਰ ਲਈ ਦਿਲ ਦੀਆਂ ਡੂੰਘਾਈਆਂ ਵਿਚੋਂ ਹਾਰਦਿਕ ਧੰਨਵਾਦ।

ਸੰਤ ਰੂਹ ਆਪਣੇ ਪਰਮ ਮਿੱਤਰ ਸਵਰਗੀ ਪ੍ਰੋ. ਬਲਬੀਰ ਸਿੰਘ (ਅਨੰਦਪੁਰ ਸਾਹਿਬ) ਦਾ ਧੰਨਵਾਦ ਕਿਵੇਂ ਕਰਾਂ, ਜਿਸ ਨੇ ਸ਼ਬਦ ਦੀਆਂ ਗਹਿਰਾਈਆਂ ਵਿੱਚ ਉਤਰ ਕੇ ਸਮੇਂ-ਸਮੇਂ ਆਪਣੇ ਨਿੱਘਰ ਸੁਝਾਅ ਦੇ ਕੇ ਵੀ ਨਿਵਾਜਿਆ ਅਤੇ ਕੰਮ ਕਰਨ ਦੀ ਹੱਲਾਸ਼ੇਰੀ ਵੀ ਦਿੰਦੇ ਰਹੇ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵਿੱਚ ਬਹੁਤ ਸਾਰੇ ਵਿਦਵਾਨ ਮਿੱਤਰਾਂ ਅਤੇ ਅਨੁਭਵੀ-ਪੁਰਸ਼ਾਂ ਦੀ ਅਗਵਾਈ ਅਤੇ ਸਹਿਯੋਗ ਪ੍ਰਾਪਤ ਹੋਇਆ ਹੈ, ਉਨ੍ਹਾਂ ਸਾਰਿਆਂ ਦਾ ਮੈਂ ਸੱਚੇ ਮਨ ਨਾਲ ਰਿਣੀ ਹਾਂ।

ਨਾਦ ਪ੍ਰਗਾਸੁ ਸੰਸਥਾ ਪਿਛਲੇ ਇਕ ਦਹਾਕੇ ਤੋਂ 'ਸ਼ਬਦ–ਅਨੁਭਵ' ਦੀ ਦ੍ਰਿਸ਼ਟੀ ਤੋਂ ਵੱਖ–ਵੱਖ ਅਕਾਦਮਿਕ ਵਿਸ਼ਿਆਂ ਦਾ ਸਿਧਾਂਤਕ ਪਰਿਪੇਖ ਉਸਾਰਨ ਲਈ ਕਾਰਜਸ਼ੀਲ ਹੈ ਅਤੇ ਇਸ ਉਦੇਸ਼

ਲਈ ਸੈਮੀਨਾਰਾਂ, ਕਾਨਫਰੰਸਾਂ ਆਦਿ ਦਾ ਆਯੋਜਨ ਵੀ ਕਰਦੀ ਹੈ। ਉੱਚ-ਵਿਦਿਆ ਪ੍ਰਾਪਤ ਕਰ ਰਹੇ ਖੋਜਾਰਥੀਆਂ/ਵਿਦਿਆਰਥੀਆਂ ਨੂੰ ਸਮਰਪਿਤ ਇਹ ਸੰਸਥਾ ਗੁਰਮਤਿ ਵਿਚਾਰਧਾਰਾ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾ ਕੇ ਪ੍ਰਚਾਰ ਤੇ ਪਾਸਾਰ ਦੀ ਸੇਵਾ ਕਰ ਰਹੀ ਹੈ। ਹੁਣ ਇਹਨਾਂ ਨੇ ਪੁਸਤਕ-ਪ੍ਰਕਾਸ਼ਨਾ ਦਾ ਯਤਨ ਆਰੰਭਿਆ ਹੈ। ਇਸ ਪੁਸਤਕ ਨੂੰ ਪ੍ਰਕਾਸ਼ਤ ਕਰਨ ਲਈ ਮੈਂ ਇਸ ਸੰਸਥਾ ਦੇ ਰੂਹੇ-ਰਵਾਂ ਪ੍ਰੋ. ਜਗਦੀਸ਼ ਸਿੰਘ ਜੀ ਤੇ ਇਸ ਨਾਲ ਜੁੜੇ ਵੱਖ-ਵੱਖ ਅਨੁਸ਼ਾਸਨਾਂ ਦੇ ਸਮੂਹ ਵਿਦਿਆਰਥੀਆਂ ਦਾ ਤਹਿ ਦਿਲੋਂ ਧੰਨਵਾਦੀ ਹਾਂ।

ਅੰਤ ਵਿੱਚ ਪ੍ਰਣਾਮ ਕਰਦਾ ਹਾਂ ਉਨ੍ਹਾਂ ਰੂਹਾਂ ਨੂੰ ਜਿਨ੍ਹਾਂ ਨੇ ਆਪਣੀ ਸੁਰਤਿ ਨੂੰ 'ਸ਼ਬਦ-ਗੁਰੂ' ਨਾਲ ਜੋੜਿਆ ਹੋਇਆ ਹੈ। ਇਹ ਰੂਹਾਂ ਅੰਮ੍ਰਿਤ ਭੋਜਨ ਨੂੰ ਭੁੰਚਦੀਆਂ (ਛਕਦੀਆਂ) ਹਨ। ਅੱਖਰੀ ਗਿਆਨ ਤਾਂ ਇਸ ਅੰਮ੍ਰਿਤ ਭੋਜਨ ਦੀ ਜੂਠ ਹੁੰਦਾ ਹੈ। ਅਕਾਦਮਿਕ ਪੱਧਰ ਤੇ ਇਹ ਪੁਸਤਕ ਵੀ ਇਹੋ ਜਿਹਾ ਨਿਮਾਣਾ ਯਤਨ ਹੀ ਹੈ। ਇਸ ਵਿੱਚ ਜੇਕਰ ਕੋਈ ਵਡਿਆਈ ਹੈ, ਤਾਂ ਪਰਮ ਪਿਤਾ ਅਕਾਲ ਪੁਰਖ ਦੀ ਹੈ, ਜੋ ਤਰੁੱਟੀਆਂ ਰਹਿ ਗਈਆਂ ਹਨ, ਉਹ ਇਸ ਨਿਮਾਣੇ ਸੇਵਕ ਦੀਆਂ ਹਨ। ਇਸ ਲਈ ਭੁੱਲਾਂ-ਚੁਕਾਂ ਦੀ ਖਿਮਾ ਜਾਚਨਾ।

*ਦਾਸ,*
***- ਗੁਲਜ਼ਾਰ ਸਿੰਘ ਕੰਗ***